11-7-1991

# ਕਲਾ ਤੇ ਜ਼ਿੰਦਗੀ



ਗੁਰਸ਼ਰਨ ਸਿੰ

ਪ੍ਰੋ. ਗੁਰਦਿਆਲ ਸਿੰਘ ਫੁੱਲ ਦਾ ਇਹ ਨਾਟਕ ਅਸੀਂ ਬੜੀ ਸਫਲਤਾ ਨਾਲ 26 ਜੂਨ 1966 ਨੂੰ ਅੰਮ੍ਰਿਤਸਰ ਦੇ ਓਪਨ ਏਅਰ ਥੀਏਟਰ ਵਿਚ ਖੇਡਿਆ ਹੈ। ਇਹੀ ਥਾਂ ਪਿਛਲੇ ਕੁਝ ਸਮੇਂ ਤੋਂ ਸਾਰੀਆਂ ਨਾਟਕੀ ਸਰਗਰਮੀਆਂ ਦਾ ਕੇਂਦਰ ਹੈ। ਪੰਜਾਬੀ ਦੇ ਸਾਹਿਤਕ ਨਾਟਕਾਂ ਨੂੰ ਪੂਰੀ ਸੂਝ ਨਾਲ ਮੰਚ 'ਤੇ ਲਿਆਉਣ ਦੀ ਪਰੰਪਰਾ 'ਅੰਮ੍ਰਿਤਸਰ ਨਾਟਕ ਕਲਾ ਕੇਂਦਰ' ਵਲੋਂ ਆਰੰਭੀ ਗਈ ਹੈ। ਬਹੁਤ ਸਾਰੇ ਸਫਲ ਇਕਾਂਗੀਆਂ ਨੂੰ ਖੇਡਣ ਤੋਂ ਬਾਅਦ ਪੂਰਾ ਨਾਟਕ ਖੇਡਣ ਦਾ ਸਾਡਾ ਇਹ ਪਹਿਲਾ ਯਤਨ ਹੈ।

ਇਸ ਨਾਟਕ ਦਾ ਵਿਸ਼ਾ ਪੰਜਾਬੀ ਦੇ ਗੀਤਕਾਰ ਜਗਤ ਸਿੰਘ ਜੱਗਾ ਦੀ ਜ਼ਿੰਦਗੀ ਤੋਂ ਲਿਆ ਗਿਆ ਹੈ। ਚਾਰ ਅੰਕਾਂ ਦੇ ਇਸ ਨਾਟਕ ਵਿਚ ਖੇਤਾਂ ਦੇ ਦ੍ਰਿਸ਼ ਹਨ, ਜੇਲ੍ਹ ਹੈ, ਪਿੰਡ ਦਾ ਘਰ ਹੈ। ਸਾਡੇ ਕੋਲ ਵਸੀਲੇ ਥੋੜ੍ਹੇ ਹਨ, ਸਟੇਜ ਦੀ ਬਣਤਰ ਸਾਡੇ ਲਈ ਇਕ ਮੁਸ਼ਕਿਲ ਹੈ, ਪਰ ਅਸੀਂ ਇਹ ਵੀ ਜਾਣਦੇ ਹਾਂ ਕਿ ਮੰਚ ਸਿਨਮਾ ਨਹੀਂ। ਅਸੀਂ ਸਾਦਾ ਜਿਹੀ ਬਣਤਰ ਨਾਲ ਖੇਤਾਂ ਦਾ, ਜੇਲ੍ਹ ਦਾ ਪ੍ਰਭਾਵ ਦੇ ਸਕਦੇ ਹਾਂ। ਜ਼ਰੂਰੀ ਗੱਲ ਤਾਂ ਇਹ ਹੈ ਕਿ ਅਦਾਕਾਰ ਆਪਣੇ ਪਾਤਰਾਂ ਦੀ ਸਹੀ ਤਰਜਮਾਨੀ ਕਰਨ।

ਨਾਟਕ ਸ਼ੁਰੂ ਹੁੰਦਾ ਹੈ, ਖੇਤਾਂ ਵਿਚ ਜੱਗੇ ਦੀ ਜ਼ਿੰਦਗੀ ਦਾ ਉਹ ਦ੍ਰਿਸ਼ ਹੈ ਜਦੋਂ ਉਹ ਇਕ ਅਣਖੀ ਮਿਹਨਤੀ ਕਿਸਾਨ ਹੈ, ਜੋ ਆਪਣੇ ਖੇਤਾਂ ਦੀ ਮਿੱਟੀ ਵਿਚ ਮਿਹਨਤ ਨਾਲ ਸੋਨਾ ਪੈਦਾ ਕਰਨਾ ਚਾਹੁੰਦਾ ਹੈ ਪਰ ਪਿੰਡ ਦਾ ਸ਼ਾਹ ਜਿਸ ਦੇ ਕੋਲੋਂ ਉਹਦੇ ਬਾਪੂ ਨੇ ਕਿਸੇ ਔਕੜ ਵੇਲੇ ਪੈਸੇ ਲਏ ਹੁੰਦੇ ਹਨ, ਦੂਗਣਾ ਚੌਗੁਣਾ ਸੂਦ ਸੁਣਾ ਕੇ ਉਹਦੇ ਬਾਪੂ ਦੀ ਬੇਇਜ਼ਤੀ ਕਰਦਾ ਹੈ। ਜੱਗਾ, ਸ਼ਾਹ ਨਾਲ ਆਪਣੀ ਭੈਣ ਰੱਤੋ ਦੇ ਵਿਆਹ ਵਾਸਤੇ ਪੈਸਿਆਂ ਦੀ ਲੋੜ ਦੀ ਗੱਲ ਛੇੜਦਾ ਹੈ ਤਾਂ ਸ਼ਾਹ ਗੁਸਤਾਖੀ ਕਰ ਕੇ ਰੱਤੋ ਦਾ ਹੱਥ ਆਪਣੇ ਲਈ ਮੰਗ ਲੈਂਦਾ ਹੈ। ਜੱਗੇ ਦਾ ਸਬਰ ਟੁੱਟਦਾ ਹੈ ਅਤੇ ਉਹ ਗੁੱਸੇ ਵਿਚ ਆ ਕੇ ਸ਼ਾਹ ਦਾ ਗਲਾ ਘੁੱਟ ਦਿੰਦਾ ਹੈ। ਸ਼ਾਹ ਮਰ ਜਾਂਦਾ ਹੈ ਪਰ ਉਸ ਦੀ ਲਾਸ਼ ਦੇਖ ਕੇ ਜੱਗਾ ਭੈਭੀਤ ਹੋ ਜਾਂਦਾ ਹੈ ਅਤੇ ਫੇਰ ਕਿਸੇ ਆਉਣ ਵਾਲੇ ਬੰਦੇ ਦੇ ਪੈਰਾਂ ਦਾ ਖੜਾਕ ਸੁਣ ਕੇ ਉਥੋਂ ਨੱਸ ਉਠਦਾ ਹੈ। ਨਾਟਕ ਦਾ ਇਹ ਮੁਢਲਾ ਅੰਕ ਆਪਣੇ ਆਪ ਵਿਚ ਇਕ ਪੂਰਾ ਨਾਟਕ ਹੈ, ਜੋ ਮਿਹਨਤੀਆਂ ਦਾ ਦੁਖਾਂਤ ਹੈ। ਕ੍ਰਿਸ਼ਨ ਦੇਵ ਸੈਣੀ ਨੇ ਜੱਗੇ ਦੇ ਰੂਪ ਵਿਚ ਆਪਣੇ ਆਪ ਨੂੰ ਪੂਰੀ ਤਰ੍ਹਾਂ ਸਥਾਪਤ ਕਰ ਲਿਆ ਹੈ। ਪੂਰੇ ਨਾਟਕ ਦਾ ਪਹਿਲਾ ਅੰਕ ਜੰਮ ਜਾਏ ਤਾਂ ਅੱਧਾ ਨਾਟਕ ਸਫਲ ਹੋ ਗਿਆ ਸਮਝਿਆ ਜਾਂਦਾ ਹੈ। ਦਿਲਜੀਤ ਨੇ ਜੱਗੇ ਦੀ ਭੈਣ ਰੱਤੋ ਦੇ ਕਿਰਦਾਰ ਵਿਚ ਆਪਣੀ ਪੂਰੀ ਪਹਿਚਾਣ ਕਰਵਾ ਦਿੱਤੀ ਹੈ।

ਨਾਟਕ ਦੇ ਦੂਜੇ ਅੰਕ ਵਿਚ ਜੱਗਾ ਜੇਲ੍ਹ ਵਿਚ ਹੈ। ਉਹ ਹੁਣ ਕਿਸਾਨ ਨਹੀਂ ਸਗੋਂ ਇਕ ਡਾਕੂ ਹੈ। ਉਸ ਵਿਚ ਗੁੱਸਾ ਅਤੇ ਜੋਸ਼ ਅੱਗੇ ਨਾਲੋਂ ਬਹੁਤਾ ਹੈ। ਨਵਾਂ ਜੇਲ੍ਹਰ ਮਹਿਤਾ ਆਉਂਦਾ ਹੈ। ਇਹ ਪਾਤਰ ਮੈਂ ਆਪ ਖੇਡਿਆ ਹੈ। ਇਕ ਅਫਸਰ ਨਾਲੋਂ ਬਹੁਤਾ ਉਹ ਇਕ ਇਨਸਾਨ ਹੈ। ਜਦੋਂ ਉਸ ਨੂੰ ਦੱਸਿਆ ਜਾਂਦਾ ਹੈ ਕਿ ਜੱਗਾ ਇਕ ਬੜਾ ਖਤਰਨਾਕ ਡਾਕੂ ਹੈ, ਜਿਹੜਾ ਕਈ ਵਾਰ ਜੇਲ੍ਹ ਤੋਂ ਨੱਠ ਚੁੱਕਿਆ ਹੈ ਅਤੇ ਨਾਲ ਹੀ ਇਹ ਗੱਲ ਕਿ ਜਦੋਂ ਉਹ ਗਾਂਦਾ ਹੈ ਤਾਂ ਕੰਧਾਂ ਨੂੰ ਵੀ ਰੁਆ ਦਿੰਦਾ ਹੈ ਤਾਂ ਉਸ ਨੂੰ ਮਿਲਣ ਦੀ ਖਾਹਿਸ਼ ਅਫਸਰ ਪ੍ਰਗਟ ਕਰਦਾ ਹੈ ਅਤੇ ਜਦ ਉਹ ਹੁਕਮ ਕਰਦਾ ਹੈ ਕਿ ਜੱਗੇ ਦੀਆਂ ਹੱਥਕੜੀਆਂ ਅਤੇ ਬੇੜੀਆਂ ਲਾਹ ਦਿੱਤੀਆਂ ਜਾਣ ਤਾਂ ਦਰੋਗਾ ਮੂੰਹ ਵਿਚ ਉਂਗਲਾਂ ਪਾਂਦਾ ਹੈ। ਜੱਗੇ ਅਤੇ ਜੇਲ੍ਹਰ ਦੀ ਵਾਰਤਾਲਾਪ ਹੁੰਦੀ ਹੈ। ਇਹ ਨਾਟਕ ਦਾ ਨਿਚੋੜ ਹੈ। ਜ਼ਿੰਦਗੀ ਵਿਚ ਬਹੁਤ ਕੁਝ ਗਲਤ ਹੈ ਪਰ ਇਹ ਗਲਤ ਡਾਕੂ ਬਣ ਕੇ ਠੀਕ ਨਹੀਂ ਕੀਤਾ ਜਾ ਸਕਦਾ। ਇਸ ਦੇ ਲਈ ਸੰਘਰਸ਼ ਦੀ ਲੋੜ ਹੈ ਅਤੇ ਇਹ ਸੰਘਰਸ਼ ਸਾਰੇ ਉਨ੍ਹਾਂ ਲੋਕਾਂ ਦੇ ਸਹਿਯੋਗ ਨਾਲ ਹੀ ਕੀਤਾ ਜਾ ਸਕਦਾ ਹੈ, ਜੋ ਜ਼ਿੰਦਗੀ ਨੂੰ ਸੋਹਣਾ ਬਨਾਉਣਾ ਚਾਹੁੰਦੇ ਹਨ। ਮਹਿਤਾ, ਜੱਗੇ ਨੂੰ ਕਹਿੰਦਾ ਹੈ ਕਿ ਉਹ ਜੇਲ੍ਹ ਵਿਚ ਹੋਣ ਵਾਲੇ ਨਾਟਕ ਵਿਚ ਹਿੱਸਾ ਲਵੇ। ਜੱਗਾ ਆਪਣੇ ਸਾਥੀਆਂ ਨਾਲ ਸਲਾਹ ਕਰਨ ਵਾਸਤੇ ਮੋਹਲਤ ਮੰਗਦਾ ਹੈ। ਨਿੱਕੀਆਂ ਨਿੱਕੀਆਂ ਨਾਟਕੀ ਛੋਹਾਂ ਨਾਲ ਇਹ ਨਾਟਕ ਅੱਗੇ ਚਲਦਾ ਹੈ। ਸਫਲ ਪਾਤਰ ਉਸਾਰੀ ਨਾਲ ਜੇਲ੍ਹਰ ਅਤੇ ਜੱਗੇ ਦੇ ਪਾਤਰ ਦਰਸ਼ਕਾਂ ਅੱਗੇ ਆ ਗਏ ਹਨ। ਗੁੱਸੇ ਅਤੇ ਪਿਆਸ ਦਾ ਘੋਲ ਸ਼ੁਰੂ ਹੈ। ਐਨੇ ਨੂੰ ਰੱਤੋ ਆਪਣੇ ਭਰਾ ਜੱਗੇ ਨੂੰ ਮਿਲਣ ਜੇਲ੍ਹ ਵਿਚ ਆ ਜਾਂਦੀ ਹੈ। ਮੰਚ 'ਤੇ ਭੈਣ ਭਰਾ ਮਿਲਦੇ ਹਨ। ਜੇਲ੍ਹਰ ਦਾ ਕੰਮ ਮੈਂ ਆਪ ਕਰ ਰਿਹਾ ਹਾਂ। ਮੈਂ ਰੱਤੋ ਨੂੰ ਜਾਣ-ਬੁੱਝ ਕੇ ਦੂਰ ਦੇ ਰਸਤੇ ਤੋਂ ਲਿਆਂਦਾ ਹਾਂ ਤਾਂ ਜੋ ਜਦ ਉਹ ਜੱਗੇ ਵੱਲ ਵੇਖੇ ਤਾਂ ਦਰਸ਼ਕਾਂ ਨੂੰ ਉਹਦੇ ਚਿਹਰੇ ਦੇ ਪ੍ਰਭਾਵ ਪੂਰੀ ਤਰ੍ਹਾਂ ਦਿਸਣ ਕਿਉਂਕਿ ਮੈਂ ਜਾਣਦਾ ਹਾਂ ਕਿ ਮੇਰੀ ਕਲਾਕਾਰ ਦਿਲਜੀਤ ਰੱਤੋ ਭੈਣ ਦੇ ਰੂਪ ਵਿਚ ਇਥੋਂ ਆਪਣੀ ਕਲਾ ਦਾ ਕਮਾਲ ਦੱਸੇਗੀ ਤੇ ਜੱਗੇ ਦੇ ਰੂਪ ਵਿਚ ਕ੍ਰਿਸ਼ਨ ਵੀ ਕਲਾ ਪ੍ਰਦਰਸ਼ਨੀ ਵਿਚ ਪਿੱਛੇ ਨਹੀਂ ਰਹੇਗਾ। ਜੱਗਾ ਤੇ ਰੱਤੋ ਦੋਨੋਂ ਇਕ ਦੂਜੇ ਵੱਲ ਤੱਕਦੇ ਹਨ ਤੇ ਫੇਰ ਧਾਹ ਕੇ ਗਲਵਕੜੀ ਪਾਂਦੇ ਹਨ। ਵਿਚਕਾਰ ਸੀਖਾਂ ਹਨ। ਦਰਸ਼ਕਾਂ ਦੀਆਂ ਅੱਖਾਂ ਵਿਚ ਅੱਥਰੂ ਹਨ। ਪੂਰੀ ਚੁੱਪ ਵਿਚ ਜਿੱਥੇ ਭੈਣ ਦੀਆਂ ਸਿਸਕੀਆਂ ਦੀਆਂ ਆਵਾਜ਼ਾਂ ਆਉਂਦੀਆਂ ਹਨ, ਉਥੇ ਦਰਸ਼ਕਾਂ ਵਿਚ ਵੀ ਟਾਵੀਂ ਟਾਵੀਂ ਸਿਸਕੀ ਦੀ ਆਵਾਜ਼ ਆਉਂਦੀ ਹੈ। ਜੱਗੇ ਵਿਚ ਮਨੁੱਖਤਾ ਮਰੀ ਨਹੀਂ। ਨਾਟਕਕਾਰ ਨੇ ਇਹ ਦੱਸਣ ਲਈ ਸ਼ਬਦ ਨਹੀਂ ਵਰਤੇ। ਨਾਟਕੀ ਮੌਕੇ ਦਾ ਵਿਕਾਸ ਹੀ ਇਹੋ ਜਿਹਾ ਕੀਤਾ ਹੈ ਕਿ ਇਹ ਸਚਾਈ ਉਘੜ ਕੇ ਆਪਣੇ ਆਪ ਦਰਸ਼ਕਾਂ ਅੱਗੇ ਆ ਗਈ ਹੈ।

ਭੈਣ ਭਰਾ ਦੀਆਂ ਗੱਲਾਂ ਹੁੰਦੀਆਂ ਹਨ। ਘਰ ਦੀਆਂ, ਸੁੱਖ, ਦੁੱਖ ਦੀਆਂ। ਭੈਣ ਵੀਰ ਨੂੰ ਰੱਖੜੀ ਬੰਨ੍ਹਦੀ ਹੈ। ਵੀਰ ਕੋਲ ਉਸ ਨੂੰ ਦੇਣ ਲਈ ਕੁਝ ਨਹੀਂ। ਜੇਲ੍ਹਰ ਬੋਝੇ ਵਿਚੋਂ ਦਸ ਰੁਪਏ ਦਾ ਨੋਟ ਕੱਢਦਾ ਹੈ। ਜੱਗਾ ਨਹੀਂ ਲੈਂਦਾ। ਕਿਰਤੀ ਦੀ ਅਣਖ ਮਰੀ ਨਹੀਂ ਹੈ। ਜੇਲ੍ਹਰ ਰੱਤੋ ਨੂੰ ਉਹ ਪੈਸੇ ਇਕ ਵੱਡੇ ਭਰਾ ਵਾਂਗ ਦਿੰਦਾ ਹੈ। ਇਤਨੀਆਂ ਪਿਆਰੀਆਂ ਨਾਟਕੀ ਛੋਹਾਂ ਨਾਲ ਇਸ ਥਾਂ 'ਤੇ ਦਰਸ਼ਕ ਪੂਰੀ ਤਰ੍ਹਾਂ ਕੀਲੇ ਜਾਂਦੇ ਹਨ। ਇਨ੍ਹਾਂ ਨਾਟਕੀ ਮੌਕਿਆਂ ਦਾ ਵਿਕਾਸ ਜਿੱਥੇ ਨਾਟਕਕਾਰ 'ਫੁੱਲ' ਦਾ ਕਮਾਲ ਹੈ ਉਥੇ ਇਸ ਦੀ ਸਫਲਤਾ ਦਾ ਸਿਹਰਾ ਕਲਾਕਾਰਾਂ ਦੇ ਸਿਰ 'ਤੇ ਵੀ ਹੈ, ਜਿਨ੍ਹਾਂ ਨੇ ਉਚੇ ਪੱਧਰ ਦੀ ਅਦਾਕਾਰੀ ਕਰ ਕੇ ਭੈਣ ਭਰਾ ਨੂੰ ਜੀਂਦੇ ਜਾਗਦੇ ਪਾਤਰ ਬਣਾ ਦਿੱਤਾ ਹੈ।

ਭੈਣ ਭਰਾ ਦੀ ਮੁਲਾਕਾਤ ਖਤਮ ਹੁੰਦੀ ਹੈ ਤੇ ਨਾਲ ਹੀ ਦੂਜਾ ਅੰਕ ਖਤਮ ਹੁੰਦਾ ਹੈ। ਨਾਟਕ ਸਿਖਰ 'ਤੇ ਪੁੱਜਿਆ ਹੋਇਆ ਹੈ। ਕੀ ਕਲਾਕਾਰ ਇਸ ਸਿਖਰ 'ਤੇ ਪੁੱਜੇ ਨਾਟਕ ਨੂੰ ਅੱਗੇ ਸੰਭਾਲ ਲੈਣਗੇ ? ਇਹ ਸਵਾਲ ਮੇਰੇ ਦਿਲ ਵਿਚ ਪੈਦਾ ਹੋਇਆ ਹੈ। ਮੇਰਾ ਇਹ ਤੌਖਲਾ ਕੁਦਰਤੀ ਹੈ ਕਿਉਂਕਿ ਰੰਗਮੰਚ ਦੇ ਆਪਣੇ ਪਿਛਲੇ ਦਸੋ ਸਾਲਾਂ ਦੇ ਤਜਰਬੇ ਵਿਚ ਜਦੋਂ ਕਿ ਮੈਂ ਆਪ ਸਿਖਰ ਦੇ ਜਜ਼ਬਾਤੀ ਪਾਤਰਾਂ ਨੂੰ ਖੇਡਿਆ ਹੈ, ਮੈਂ ਮੰਚੀ ਨਾਟਕ ਨੂੰ ਇਹੋ ਜਿਹੇ ਸਿਖਰ 'ਤੇ ਪੁੱਜਿਆ ਮਹਿਸੂਸ ਨਹੀਂ ਕੀਤਾ।



'ਕਲਾ ਅਤੇ ਜ਼ਿੰਦਗੀ' ਵਿਚ ਕੇ.ਡੀ. ਸੈਣੀ ਅਤੇ ਦਿਲਜੀਤ ਕੌਰ ਕ੍ਰਮਵਾਰ ਜੱਗੇ ਅਤੇ ਰੱਤੋ ਦੇ ਰੂਪ ਵਿਚ।

ਅੰਤਲਾ ਅੰਕ ਆਉਂਦਾ ਹੈ। ਜੇਲ੍ਹ ਵਿਚ ਨਾਟਕ ਹੋਣਾ ਹੈ, ਜੱਗਾ ਤੇ ਉਹਦੇ ਸਾਥੀਆਂ ਨੇ ਸਲਾਹ ਬਣਾਈ ਹੈ ਕਿ ਨਾਟਕ ਦੇ ਸਮੇਂ ਜੱਗਾ ਜੇਲ੍ਹਰ ਕੋਲੋਂ ਅਸਲੀ ਪਿਸਤੌਲ ਮੰਗੇਗਾ ਤੇ ਫੇਰ ਉਹ ਸਾਰੇ ਜੇਲ੍ਹ ਵਿਚੋਂ ਨੱਠ ਉਠਣਗੇ। ਨਾਟਕ ਸ਼ੁਰੂ ਹੈ। ਜੇਲ੍ਹਰ ਪੂਰੇ ਵਿਸ਼ਵਾਸ ਨਾਲ ਆਪਣਾ ਪਿਸਤੌਲ ਦਿੰਦਾ ਹੈ। ਨਾਟਕ ਜੇਲ੍ਹਰ ਵਲੋਂ ਜਾਣ-ਬੁੱਝ ਕੇ ਇਹੋ ਜਿਹਾ ਚੁਣਿਆ ਗਿਆ ਹੈ ਕਿ ਨਾਟਕ ਕਰਦਾ ਜੱਗਾ ਜ਼ਿੰਦਗੀ ਦੀ ਅਸਲੀਅਤ ਨੂੰ ਪਛਾਣ ਜਾਏ। ਇਕ ਸੰਘਰਸ਼ ਹੈ ਦੋ ਤਾਕਤਾਂ ਦੇ ਦਰਮਿਆਨ। ਜੱਗਾ ਜ਼ਿੰਦਗੀ ਦੀ ਸੁਹਣਪਤਾ ਦਾ ਪੱਖ ਲੈਂਦਾ ਹੈ। ਉਹਦੇ ਵਿਚਲੇ ਕਲਾਕਾਰ ਨੇ ਜ਼ਿੰਦਗੀ ਨੂੰ ਅਪਨਾ ਲਿਆ ਹੈ। ਫੇਰ ਜ਼ਿੰਦਗੀ ਕਲਾਕਾਰ ਨੂੰ ਆਪਣੇ ਕਲਾਵੇ ਵਿਚ ਕਿਉਂ ਨਾ ਲਵੇ।

ਨਾਟਕ ਸੁਖਾਂਤ ਵਿਚ ਮੁੱਕਦਾ ਹੈ। ਤਿੰਨ ਮਿੰਟ ਦੀ ਲੰਬੀ ਤਾੜੀ ਨਾਲ ਦਰਸ਼ਕ ਆਪਣੀ ਪ੍ਰਸੰਸਾ ਦੱਸਦੇ ਹਨ। ਪੰਡਾਲ ਵਿਚ ਸਖਤ ਗਰਮੀ ਹੈ। (26 ਜੂਨ ਦੀ ਰਾਤ) ਪਰ ਦਰਸ਼ਕ ਪੰਡਾਲ ਤੋਂ ਬਾਹਰ ਨਹੀਂ ਜਾਂਦੇ। ਉਹ ਕਲਾਕਾਰਾਂ ਦੀ ਉਡੀਕ ਵਿਚ ਹਨ। ਮੈਂ ਆਪਣੇ ਕਲਾਕਾਰਾਂ ਨੂੰ ਬਾਹਰ ਲਿਆਉਂਦਾ ਹਾਂ। ਕ੍ਰਿਸ਼ਨ, ਦਲਜੀਤ, ਹਰਭਜਨ, ਬੁੱਧ ਸਿੰਘ, ਅਰਵਿੰਦ, ਰਾਜ ਕੁਮਾਰ, ਮਦਨ, ਸੁਰੇਸ਼, ਇੰਦਰਜੀਤ ਮਹਿਤਾ, ਪ੍ਰੀਤਮ ਪਿਆਸਾ ਸਾਰੇ ਹੀ ਤਾਂ ਹਨ, ਜਿਨ੍ਹਾਂ ਦੀ ਸਾਂਝੀ ਮਿਹਨਤ ਸਦਕੇ ਇਹ ਨਾਟਕ ਸਫਲ ਹੋਇਆ ਹੈ। ਤਾੜੀਆਂ ਦੀ ਇਕ ਗੁੰਜਾਰ ਦਰਸ਼ਕਾਂ ਵਲੋਂ ਆਂਦੀ ਹੈ। ਅਸੀਂ ਹੱਥ ਜੋੜ ਕੇ ਉਨ੍ਹਾਂ ਦਾ ਧੰਨਵਾਦ ਕਰਦੇ ਹਾਂ। ਮੈਨੂੰ ਕੁਝ ਬੋਲਣਾ ਚਾਹੀਦਾ ਹੈ ਪਰ ਮੈਂ ਜਜ਼ਬਾਤ ਵਿਚ ਇਤਨਾ ਗੜੁੱਚ ਹਾਂ ਕਿ ਕੋਈ ਸ਼ਬਦ ਮੈਂ ਨਹੀਂ ਬੋਲ ਸਕਦਾ- ਪਰ ਮੇਰੀਆਂ ਅੱਖਾਂ ਕਹਿ ਰਹੀਆਂ ਹਨ ਕਿ ਜਿਸ ਨੂੰ ਭੁਲੇਖਾ ਹੈ ਕਿ ਪੰਜਾਬੀ ਵਿਚ ਚੰਗਾ ਨਾਟਕ ਕੋਈ ਨਹੀਂ, ਜਾਂ ਚੰਗਾ ਨਾਟਕ ਪੰਜਾਬੀ ਵਿਚ ਖੇਡਿਆ ਨਹੀਂ ਜਾ ਸਕਦਾ ਜਾਂ ਪੰਜਾਬੀਆਂ ਵਿਚ ਸੁਹਜ ਸੁਆਦ ਨਹੀਂ ਕਿ ਉਹ ਕਿਸੇ ਕਲਾਮਈ ਚੀਜ਼ ਦੀ ਪ੍ਰਸੰਸਾ ਕਰ ਸਕਣ, ਉਹ ਇਥੇ ਆ ਕੇ ਵੇਖਣ ਉਨ੍ਹਾਂ ਦਾ ਭੁਲੇਖਾ ਦੂਰ ਹੋ ਜਾਵੇਗਾ।

**ਪਿੱਛੋਂ ਲਿਖਿਆ ਨੋਟ** : ਇਹ ਨਾਟਕ ਡਾ
ਮੈਂ 1966 ਵਿਚ ਲਿਖੀ ਸੀ। ਪਿਛਲੇ 24
ਉਤੇ ਜਿਸ ਵਿਚ ਪੰਜਾਬ ਦੇ ਸੰਤਾਪ ਦੇ 12
ਵੀ ਸ਼ਾਮਲ ਹਨ, ਇਕ ਝਾਤ ਜਦੋਂ ਮੈਂ ਪਾਉਂਦ
ਤਾਂ ਮੈਂ ਮਹਿਸੂਸ ਕਰਦਾ ਹਾਂ ਕਿ ਆਲੋਚਕਾਂ
ਸਾਹਿਤ ਵਿਚ ਜਿਸ 'ਭਾਵੁਕਤਾ' ਨੂੰ ਨਖਿੱਧ ਕ
ਜਾਣਿਆ ਗਿਆ ਹੈ, ਉਹੀ ਭਾਵੁਕਤਾ ਜ਼ਿ
ਵਿਚ ਜੋ ਕੁਝ ਸੂਖਮ ਹੈ, ਉਸ ਦਾ ਯਥਾਰਥਵ
ਪ੍ਰਗਟਾਵਾ ਹੈ। 'ਕਲਾ ਤੇ ਜ਼ਿੰਦਗੀ'
ਭਾਵੁਕਤਾ ਅਧੀਨ ਹੀ ਲਿਖਿਆ ਗਿਆ
ਭਾਵੁਕਤਾ ਦੀ ਰੌਅ ਵਿਚ ਉਹ ਖੇਡਿਆ ਗਿਆ
26 ਜੂਨ 1966 ਦੀ ਰਾਤ ਦਾ ਉਹ ਦ੍ਰਿਸ਼
ਵੀ ਮੇਰੇ ਸਾਹਮਣੇ ਹੈ। ਮੇਰਾ ਯਕੀਨ ਬਣਦ
ਕਿ ਜ਼ਿੰਦਗੀ ਦੀਆਂ ਕਠੋਰ ਪੇਚੀਦਗੀਆਂ ਨੂੰ,
ਵਿਚ ਸਮਕਾਲ ਪੰਜਾਬ ਦਾ ਸੰਤਾਪ ਵੀ
ਭਾਵੁਕਤਾ ਦੀਆਂ ਛੋਹਾਂ ਨਾਲ ਬਹੁਤ ਹੱਦ ਤਕ
ਕੀਤਾ ਜਾ ਸਕਦਾ ਹੈ।